**AD-3027**PUN

OMB ਕੰਟ੍ਰੋਲ ਨੰਬਰ : 0508-0002

ਮਿਆਦ ਪੁੱਗਣ ਦੀ ਤਾਰੀਖ਼ : 09/30/2027

# ਅਮਰੀਕਾ ਦਾ ਖੇਤੀਬਾੜੀ ਵਿਭਾਗ (U.S. Department of Agriculture)

## USDA ਪ੍ਰੋਗਰਾਮ ਦਾ ਪੱਖਪਾਤ ਬਾਰੇ ਸ਼ਿਕਾਇਤ-ਫ਼ਾਰਮ

| **ਸ਼ਿਕਾਇਤ ਕਰਨ ਵਾਲੇ ਸਬੰਧੀ ਜਾਣਕਾਰੀ** | | |
|---|---|---|
| ਪਹਿਲਾਂ ਨਾਂ | ਵਿਚਕਾਰਲੇ ਨਾਂ ਦਾ ਛੋਟਾ ਅੱਖਰ | ਅੰਤਮ ਨਾਂ |
| ਡਾਕ ਪਤਾ (ਇਸ ਵਿੱਚ ਸ਼ਹਿਰ ਦਾ ਪੂਰਾ ਪਤਾ, ਸਟੇਟ ਅਤੇ ਜ਼ਿਪ ਕੋਡ ਸ਼ਾਮਿਲ ਹੈ) | | |
| ਮੁੱਖ ਫੋਨ ਨੰਬਰ | ਬਦਲਵਾਂ ਫੋਨ ਨੰਬਰ | ਈਮੇਲ |
| ਤੁਹਾਡੇ ਨਾਲ ਸੰਪਰਕ ਕਰਨ ਦਾ ਬਿਹਤਰੀਨ ਤਰੀਕਾ: ☐ ਡਾਕ ☐ ਫੋਨ ☐ ਈਮੇਲ ☐ ਹੋਰ | | |
| ਜੇ ਤੁਹਾਨੂੰ ਅੰਗ੍ਰੇਜ਼ੀ ਸਮਝਣ ਵਿੱਚ ਦਿੱਕਤ ਹੁੰਦੀ ਹੈ, ਤਾਂ ਤੁਸੀਂ 866-632-9992 'ਤੇ ਕਾੱਲ ਕਰਕੇ ਭਾਸ਼ਾ ਸਹਾਇਤਾ ਸੇਵਾਵਾਂ ਨੂੰ ਬੇਨਤੀ ਕਰ ਸਕਦੇ ਹੋ। ਜਿਹੜੇ ਲੋਕਾਂ ਨੂੰ ਅੰਗ੍ਰੇਜ਼ੀ ਵਿੱਚ ਚੰਗੀ ਤਰ੍ਹਾਂ ਗੱਲ ਕਰਨੀ ਨਹੀਂ ਆਉਂਦੀ, ਉਹਨਾਂ ਲਈ ਵੀ ਮਦਦ ਉਪਲਬਧ ਹੋਏਗੀ। ਉਹ ਅਸਮਰੱਥ (ਅਪੰਗ) ਵਿਅਕਤੀ, ਜਿਹਨਾਂ ਨੂੰ ਗੱਲਬਾਤ (ਜਿਵੇਂ ਬ੍ਰੇਲ, ਵੱਡੇ ਅੱਖਰ, ਅਮਰੀਕੀ ਸੰਕੇਤ ਭਾਸ਼ਾ) ਕਰਨ ਲਈ ਬਦਲਵੇਂ ਸਾਧਨਾਂ ਦੀ ਲੋੜ ਪੈਂਦੀ ਹੈ, ਉਹਨਾਂ ਨੂੰ ਪ੍ਰੋਗਰਾਮ ਦਾ ਪ੍ਰਬੰਧ ਕਰਨ ਵਾਲੀ ਜ਼ਿੰਮੇਵਾਰ ਸਟੇਟ ਜਾਂ ਸਥਾਨਕ ਏਜੰਸੀ ਜਾਂ 711 (ਵਾੱਇਸ TTY) 'ਤੇ ਫ਼ੈਡਰਲ ਟੈਲੀਕਮਿਉਨਿਕੇਸ਼ਨਸ ਰਿਲੇ ਸਰਵਿਸ ਰਾਹੀਂ ਅਮਰੀਕਾ ਦੇ ਖੇਤੀਬਾੜੀ ਵਿਭਾਗ (United States Department of Agriculture, USDA) ਨਾਲ ਸੰਪਰਕ ਕਰਨਾ ਚਾਹੀਦਾ ਹੈ। | | |

| **ਨੁਮਾਇੰਦੇ ਬਾਰੇ ਜਾਣਕਾਰੀ** | |
|---|---|
| ਕੀ ਤੁਹਾਡਾ ਕੋਈ ਨੁਮਾਇੰਦਾ ਹੈ? ☐ ਹਾਂ ☐ ਨਹੀਂ | ਕੀ ਤੁਹਾਡੇ ਕੋਲ ਨੁਮਾਇੰਦੇ ਦਾ ਕੋਈ ਲਿਖਤੀ ਅਖ਼ਤਿਆਰਨਾਮਾ ਹੈ? ਜੇ ਹਾਂ, ਤਾਂ ਕਿਰਪਾ ਕਰਕੇ ਨਾਲ ਨੱਥੀ ਕਰੋ। ☐ ਹਾਂ ☐ ਨਹੀਂ |
| ਪਹਿਲਾਂ ਨਾਂ | ਅੰਤਮ ਨਾਂ |
| ਡਾਕ ਪਤਾ (ਇਸ ਵਿੱਚ ਸ਼ਹਿਰ ਦਾ ਪੂਰਾ ਪਤਾ, ਸਟੇਟ ਅਤੇ ਜ਼ਿਪ ਕੋਡ ਸ਼ਾਮਿਲ ਹੈ) | |
| ਫੋਨ | ਈਮੇਲ |

| **ਸ਼ਿਕਾਇਤ ਬਾਰੇ ਜਾਣਕਾਰੀ**<br>*(ਲੋੜ ਅਨੁਸਾਰ ਵਾਧੂ ਸਫ਼ੇ ਅਤੇ ਸ਼ਿਕਾਇਤ ਵਿਚਲੇ ਸਹਾਇਕ ਦਸਤਾਵੇਜ਼ ਨਾਲ ਨੱਥੀ ਕਰੋ)* | |
|---|---|
| 1. ਜਿਸ ਪ੍ਰੋਗਰਾਮ ਲਈ ਤੁਸੀਂ ਅਪਲਾਈ ਕੀਤਾ ਹੈ, ਉਸਦਾ ਨਾਂ (ਜੇ ਪਤਾ ਹੈ/ਲਾਗੂ ਹੈ) ਲਿਖੋ। | |
| 2. ਪ੍ਰੋਗਰਾਮ ਕਰਾਉਣ ਵਾਲੀ ਜਾਂ ਪ੍ਰੋਗਰਾਮ ਲਈ ਫ਼ੈਡਰਲ ਫ਼ਾਇਨਾਂਸ਼ਿਅਲ ਸਹਾਇਤਾ ਉਪਲਬਧ ਕਰਾਉਣ ਵਾਲੀ USDA ਏਜੰਸੀ ਚੁਣੋ।<br>☐ ਖੇਤੀਬਾੜੀ ਦੀ ਮਾਰਕੀਟਿੰਗ ਬਾਰੇ ਸੇਵਾਵਾਂ (Agricultural Marketing Service, AMS)<br>☐ ਵਿਦੇਸ਼ੀ ਖੇਤੀਬਾੜੀ ਸਰਵਿਸ (Foreign Agricultural Service, FAS)/ਵਪਾਰ ਅਤੇ ਵਿਦੇਸ਼ੀ ਖੇਤੀਬਾੜੀ ਸਬੰਧੀ ਮਾਮਲੇ (Trade and Foreign Agricultural Affairs, TFAA)<br>☐ ਭੋਜਨ ਅਤੇ ਪੋਸ਼ਕਤਾ ਸੇਵਾ (Food and Nutrition Service, FNS)<br>☐ ਜੰਗਲਾਤ ਸੇਵਾ (Forest Service, FS)<br>☐ ਫ਼ਾਰਮ ਸਰਵਿਸ ਏਜੰਸੀ (Farm Service Agency, FSA)<br>☐ ਭੋਜਨ ਅਤੇ ਖੇਤੀਬਾੜੀ ਬਾਰੇ ਰਾਸ਼ਟਰੀ ਇੰਸਟੀਟਿਊਟ (National Institute of Food and Agriculture, NIFA)<br>☐ ਕੁਦਰਤੀ ਸ੍ਰੋਤਾਂ ਦੀ ਸੰਭਾਲ ਬਾਰੇ ਸੇਵਾ (Natural Resources Conservation Service, NRCS)<br>☐ ਦਿਹਾਤੀ ਵਿਕਾਸ (Rural Development, RD)<br>☐ ਹੋਰ ☐ ਅਗਿਆਤ | |
| 3. ਹਾਲੀਆ ਕਥਿਤ ਪੱਖਪਾਤ ਦੀ ਤਾਰੀਖ਼ (ਮਮ/ਦਦ/ਸਸਸਸ) | 4. ਜਿੱਥੇ ਪੱਖਪਾਤ ਹੋਇਆ ਸੀ, ਉਸ ਦਫ਼ਤਰ ਦੀ ਥਾਂ ਅਤੇ/ਜਾਂ ਪਤਾ |
| 5. ਤੁਹਾਨੂੰ ਕੀ ਲੱਗਦਾ ਹੈ, ਤੁਹਾਡੇ ਨਾਲ ਕਿਸਨੇ ਪੱਖਪਾਤ ਕੀਤਾ ਹੈ? ਕਥਿਤ ਪੱਖਪਾਤ ਵਿੱਚ ਸ਼ਾਮਿਲ ਲੋਕ (ਲੋਕਾਂ) ਦੇ ਨਾਂ ਸ਼ਾਮਿਲ ਕਰੋ (ਜੇ ਪਤਾ ਹੈ)। | |

OMB ਕੰਟ੍ਰੋਲ ਨੰਬਰ : 0508-0002

ਮਿਆਦ ਪੁੱਗਣ ਦੀ ਤਾਰੀਖ਼ : 09/30/2027

# ਅਮਰੀਕਾ ਦਾ ਖੇਤੀਬਾੜੀ ਵਿਭਾਗ (U.S. Department of Agriculture)

## USDA ਪ੍ਰੋਗਰਾਮ ਦਾ ਪੱਖਪਾਤ ਬਾਰੇ ਸ਼ਿਕਾਇਤ-ਫ਼ਾਰਮ

6. ਤੁਹਾਡੇ ਨਾਲ ਕੀ ਵਾਪਰਿਆ ਸੀ (ਕਿਰਪਾ ਕਰਕੇ ਹਰ ਇਲਜ਼ਾਮ ਦੀਆਂ ਤਾਰੀਖ਼ਾਂ ਲਿਖੋ)?

7. ਹੇਠਾਂ ਦਿੱਤਿਆਂ ਦੇ ਅਧਾਰ 'ਤੇ ਤੁਹਾਡੇ ਨਾਲ ਪੱਖਪਾਤ ਕਰਨਾ ਕਾਨੂੰਨ ਦੀ ਉਲੰਘਣਾ ਹੈ: ਬੰਸ, ਰੰਗ, ਰਾਸ਼ਟਰੀ ਮੂਲ, ਧਰਮ, ਲਿੰਗ, ਇਸ ਵਿੱਚ ਲਿੰਗ-ਪਛਾਣ ਅਤੇ ਪ੍ਰਗਟਾਵਾ, ਜਿਨਸੀ ਰੁਝਾਨ, ਅਸਮਰੱਥਾ (ਅਪੰਗਤਾ), ਵਿਆਹੁਤਾ ਸਥਿਤੀ, ਪਰਿਵਾਰ/ਮਾਤਾ-ਪਿਤਾ ਦੀ ਸਥਿਤੀ, ਸਰਕਾਰੀ ਸਹਾਇਤਾ ਪ੍ਰੋਗਰਾਮ ਤੋਂ ਮਿਲੀ ਆਮਦਨ ਅਤੇ ਸਿਆਸੀ ਆਸਥਾ ਸ਼ਾਮਿਲ ਹੈ। (ਸਾਰੇ ਅਧਾਰ, ਸਾਰੇ ਪ੍ਰੋਗਰਾਮਾਂ 'ਤੇ ਲਾਗੂ ਨਹੀਂ ਹੁੰਦੇ)। ਨਾਗਰਿਕ ਹੱਕਾਂ ਸਬੰਧੀ ਪਿਛਲੀ ਸਰਗਰਮੀ ਦੇ ਅਧਾਰ 'ਤੇ ਬਦਲਾ ਲੈਣ ਦੀ ਮਨਾਹੀ ਹੈ।

ਮੇਰਾ ਮੰਨਣਾ ਹੈ ਕਿ ਮੇਰੇ ਨਾਲ ਹੇਠਾਂ ਦਿੱਤੇ ਅਧਾਰ 'ਤੇ ਪੱਖਪਾਤ ਕੀਤਾ ਗਿਆ ਸੀ:

| | | |
|---|---|---|
| ☐ ਬੰਸ | ☐ ਲਿੰਗ | ☐ ਵਿਆਹੁਤਾ ਸਥਿਤੀ |
| ☐ ਜਿਨਸੀ ਰੁਝਾਨ | ☐ ਲਿੰਗ-ਪਛਾਣ (ਪ੍ਰਗਟਾਵਾ) | |
| ☐ ਰੰਗ | ☐ ਅਸਮਰੱਥਾ (ਅਪੰਗਤਾ) | ☐ ਪਰਿਵਾਰ/ਮਾਤਾ-ਪਿਤਾ ਦੀ ਸਥਿਤੀ |
| ☐ ਰਾਸ਼ਟਰੀ ਮੂਲ | ☐ ਉਮਰ | ☐ ਸਰਕਾਰੀ ਸਹਾਇਤਾ ਤੋਂ ਮਿਲੀ ਆਮਦਨ |
| ☐ ਸਿਆਸੀ ਆਸਥਾ | ☐ ਧਰਮ | ☐ ਬਦਲੇ ਦੀ ਕਾਰਵਾਈ (ਸਿਵਿਲ ਹੱਕਾਂ ਬਾਰੇ ਪਿਛਲੀ ਸਰਗਰਮੀ) |

### ਨਿਪਟਾਰਾ ਕਰਨ ਦੇ ਤਰੀਕੇ

8. ਤੁਸੀਂ ਇਸ ਸ਼ਿਕਾਇਤ ਦਾ ਨਿਪਟਾਰਾ ਕਿਵੇਂ ਹੁੰਦਿਆਂ ਵੇਖਣਾ ਚਾਹੁੰਦੇ ਹੋ?

9. ਕੀ ਤੁਸੀਂ ਘਟਨਾ (ਘਟਨਾਵਾਂ) ਬਾਰੇ ਕਿਸੇ ਹੋਰ ਫ਼ੈਡਰਲ, ਸਟੇਟ ਜਾਂ ਸਥਾਨਕ ਏਜੰਸੀ ਜਾਂ ਅਦਾਲਤ ਵਿੱਚ ਸ਼ਿਕਾਇਤ ਦਰਜ ਕਰਾਈ ਹੈ?

| | |
|---|---|
| 10. ਜੇ ਹਾਂ, ਤਾਂ ਤੁਸੀਂ ਕਿਸ ਏਜੰਸੀ ਜਾਂ ਅਦਾਲਤ ਵਿੱਚ ਮਾਮਲਾ ਦਾਇਰ ਕੀਤਾ ਹੈ? | 11. ਜੇ ਹਾਂ, ਤਾਂ ਤੁਸੀਂ ਮਾਮਲਾ ਕਦੋਂ ਦਾਇਰ ਕੀਤਾ ਸੀ? (ਮਹੀਨਾ/ਦਿਨ/ਸਾਲ) |

ਸ਼ਿਕਾਇਤ ਕਰਨ ਵਾਲੇ ਦੇ ਦਸਤਖ਼ਤ    ਤਾਰੀਖ਼    ਨੁਮਾਇੰਦੇ ਦੇ ਦਸਤਖ਼ਤ    ਤਾਰੀਖ਼

OMB ਕੰਟ੍ਰੋਲ ਨੰਬਰ : 0508-0002

ਮਿਆਦ ਪੁੱਗਣ ਦੀ ਤਾਰੀਖ਼ : 09/30/2027

## ਹਿਦਾਇਤਾਂ

**ਉਦੇਸ਼:** ਜੇ ਤੁਹਾਨੂੰ ਲੱਗਦਾ ਹੈ ਕਿ USDA ਦੇ ਕਿਸੇ ਜਾਂ ਸਰਗਰਮੀ ਵਿੱਚ ਤੁਹਾਡੇ ਨਾਲ ਪੱਖਪਾਤ ਹੋਇਆ ਹੈ ਅਤੇ ਤੁਸੀਂ ਸ਼ਿਕਾਇਤ ਦਾਇਰ ਕਰਨਾ ਚਾਹੁੰਦੇ ਹੋ, ਤਾਂ ਸ਼ਿਕਾਇਤ ਦਾਇਰ ਕਰਨ ਲਈ ਖੇਤੀਬਾੜੀ ਵਿਭਾਗ 3027(AD 3027) ਦੇ ਪ੍ਰੋਗਰਾਮ ਬਾਰੇ ਪੱਖਪਾਤ ਸਬੰਧੀ ਸ਼ਿਕਾਇਤ-ਫ਼ਾਰਮ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਫ਼ਾਰਮ ਨੂੰ ਬੰਸ, ਰੰਗ, ਰਾਸ਼ਟਰੀ ਮੂਲ (ਇਸ ਵਿੱਚ ਚੰਗੀ ਤਰ੍ਹਾਂ ਅੰਗ੍ਰੇਜ਼ੀ ਨਾ ਬੋਲ ਸਕਣਾ ਸ਼ਾਮਿਲ ਹੈ), ਧਰਮ, ਲਿੰਗ (ਇਸ ਵਿੱਚ ਲਿੰਗ-ਪਛਾਣ ਅਤੇ ਪ੍ਰਗਟਾਵਾ ਸ਼ਾਮਿਲ ਹੈ), ਜਿਨਸੀ ਰੁਝਾਨ, ਅਸਮਰੱਥਾ (ਅਪੰਗਤਾ), ਉਮਰ, ਵਿਆਹੁਤਾ ਸਥਿਤੀ, ਪਰਿਵਾਰ/ਮਾਤਾ-ਪਿਤਾ ਦੀ ਸਥਿਤੀ, ਸਰਕਾਰੀ ਸਹਾਇਤਾ ਪ੍ਰੋਗਰਾਮ ਤੋਂ ਮਿਲੀ ਆਮਦਨ ਅਤੇ ਸਿਆਸੀ ਆਸਥਾ ਸ਼ਾਮਿਲ ਹੈ, ਦੇ ਅਧਾਰ 'ਤੇ ਪੱਖਪਾਤ ਦੀ ਸ਼ਿਕਾਇਤ ਦਾਇਰ ਕਰਨ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ। ਤੁਸੀਂ USDA, ਇਸਦੇ ਮਿਸ਼ਨ ਦੀਆਂ ਥਾਵਾਂ ਜਾਂ ਏਜੰਸੀਆਂ ਦੇ ਪ੍ਰੋਗਰਾਮ ਜਾਂ ਸਰਗਰਮੀਆਂ ਕਰਕੇ ਤੁਹਾਡੀ ਸਿਹਤ ਜਾਂ ਕਿਸੇ ਸੁਰੱਖਿਅਤ ਸਮੂਹ ਦੇ ਚੌਗਿਰਦੇ 'ਤੇ ਪੈਣ ਵਾਲੇ ਵਾਤਾਵਰਣ ਸਬੰਧੀ ਮਾੜੇ ਅਸਰ ਦਾ ਇਲਜ਼ਾਮ ਲਾਉਂਦਿਆਂ, ਪ੍ਰੋਗਰਾਮ ਬਾਰੇ ਸ਼ਿਕਾਇਤ ਦਾਇਰ ਕਰਨ ਲਈ ਵੀ ਇਸ ਫ਼ਾਰਮ ਦੀ ਵਰਤੋਂ ਕਰ ਸਕਦੇ ਹੋ।

ਪੱਖਪਾਤ ਦੀ ਸ਼ਿਕਾਇਤ ਦਾਇਰ ਕਰਨ ਲਈ, ਤੁਹਾਨੂੰ ਇਸ ਫ਼ਾਰਮ ਦੀ ਵਰਤੋਂ ਕਰਨ ਦੀ ਲੋੜ ਨਹੀਂ ਹੈ, ਤੁਸੀਂ ਇਸ ਫ਼ਾਰਮ ਦੀ ਥਾਂ ਇੱਕ ਚਿੱਠੀ ਜਾਂ ਈਮੇਲ ਭੇਜ ਸਕਦੇ ਹੋ। ਚਿੱਠੀ ਜਾਂ ਈਮੇਲ ਵਿੱਚ ਇਸ ਫ਼ਾਰਮ 'ਤੇ ਦਿੱਤੇ ਗਏ ਨੁਕਤਿਆਂ 1-11 ਵਿੱਚ ਬੇਨਤੀ ਕੀਤੀ ਜਾਣਕਾਰੀ ਜ਼ਰੂਰ ਸ਼ਾਮਿਲ ਕੀਤੀ ਜਾਣੀ ਚਾਹੀਦੀ ਹੈ। ਜੇ ਤੁਸੀਂ ਇਸ ਫ਼ਾਰਮ ਦੀ ਵਰਤੋਂ ਕਰਨ ਦਾ ਫ਼ੈਸਲਾ ਕਰਦੇ ਹੋ, ਤਾਂ ਕਿਰਪਾ ਕਰਕੇ ਇਸ ਫ਼ਾਰਮ ਦੇ ਨੁਕਤਿਆਂ 1-11 ਵਿੱਚ ਸਾਰੀ ਜਾਣਕਾਰੀ ਭਰੋ ਜਾਂ ਪ੍ਰਿੰਟ ਕਰੋ ਅਤੇ ਜੇ ਹੋਰ ਥਾਂ ਦੀ ਲੋੜ ਹੋਵੇ ਤਾਂ ਵਾਧੂ ਪੰਨਿਆਂ ਦੀ ਵਰਤੋਂ ਕਰੋ। ਇਹ ਫ਼ਾਰਮ ਭਰਨ ਲਈ, ਜੇ ਤੁਹਾਨੂੰ ਮਦਦ ਦੀ ਲੋੜ ਹੈ, ਤਾਂ 866-632-9992 'ਤੇ ਕਾੱਲ ਕਰੋ।

7 CFR 16.4(d) ਅਨੁਸਾਰ, USDA ਤੋਂ ਅਸਿੱਧੀ ਮਾਲੀ ਮਦਦ ਰਾਹੀਂ ਹਿਮਾਇਤਪ੍ਰਾਪਤ ਪ੍ਰੋਗਰਾਮਾਂ ਵਿੱਚ ਲਾਭਪਾਤਰ ਅਤੇ ਸੰਭਵ ਲਾਭਪਾਤਰ USDA ਦੇ ਨਾਗਰਿਕ ਹੱਕਾਂ ਬਾਰੇ ਸਹਾਇਕ ਸਕੱਤਰ (Office of the Assistant Secretary for Civil Rights, OASCR) ਦੇ ਦਫ਼ਤਰ ਨਾਲ ਸੰਪਰਕ ਕਰਕੇ ਜਾਂ ਲਿਖਤੀ ਸ਼ਿਕਾਇਤ ਦਾਇਰ ਕਰਕੇ ਨੇਮ ਦੀ ਧਾਰਮਿਕ ਅਜ਼ਾਦੀ ਦੀ ਸੁਰੱਖਿਆ ਦੀ ਉਲੰਘਣਾ ਦਾ ਇਲਜ਼ਾਮ ਲਾਉਂਦਿਆਂ, USDA ਕੋਲ ਲਿਖਤੀ ਸ਼ਿਕਾਇਤਾਂ ਦਾਇਰ ਕਰ ਸਕਦੇ ਹਨ।

ਜੇ ਤੁਹਾਨੂੰ ਇਹ ਫ਼ਾਰਮ (ਇਸ ਵਿੱਚ ਅਨੁਵਾਦ ਬਾਰੇ ਸੇਵਾਵਾਂ ਸ਼ਾਮਿਲ ਹਨ) ਭਰਨ ਲਈ ਮਦਦ ਦੀ ਲੋੜ ਹੈ, ਤਾਂ ਤੁਸੀਂ (866) 632-9992 'ਤੇ ਕਾੱਲ ਕਰ ਸਕਦੇ ਹੋ; ਇਹ ਮਦਦ ਅੰਗ੍ਰੇਜ਼ੀ ਵਿੱਚ ਕੀਤੀ ਜਾਂਦੀ ਹੈ ਅਤੇ ਇਹ ਅੰਗ੍ਰੇਜ਼ੀ ਜਾਂ ਕੋਈ ਹੋਰ ਭਾਸ਼ਾਵਾਂ ਚੰਗੀ ਤਰ੍ਹਾਂ ਨਾ ਬੋਲ ਸਕਣ ਵਾਲੇ ਲੋਕਾਂ ਲਈ ਵੀ ਉਪਲਬਧ ਹੋਏਗੀ। ਅਸਮਰੱਥ (ਅਪੰਗ) ਲੋਕਾਂ, ਜਿਹਨਾਂ ਨੂੰ ਪ੍ਰੋਗਰਾਮ ਦੀ ਜਾਣਕਾਰੀ ਲਈ ਗੱਲਬਾਤ ਕਰਨ (ਸੰਚਾਰ) ਦੇ ਵਿਕਲਪ ਵਾਲੇ ਸਾਧਨਾਂ (ਉਦਾਹਰਣ ਲਈ ਬ੍ਰੇਲ, ਵੱਡੇ ਅੱਖਰ ਅਤੇ ਅਮਰੀਕੀ ਸੰਕੇਤ ਭਾਸ਼ਾ) ਦੀ ਲੋੜ ਹੈ, ਤਾਂ ਉਹਨਾਂ ਨੂੰ ਪ੍ਰੋਗਰਾਮ ਦਾ ਪ੍ਰਬੰਧ ਕਰਨ ਵਾਲੀ ਜ਼ਿੰਮੇਵਾਰ ਸਟੇਟ ਜਾਂ ਸਥਾਨਕ ਏਜੰਸੀ ਨਾਲ ਸੰਪਰਕ ਕਰਨਾ ਚਾਹੀਦਾ ਹੈ ਜਾਂ 711 (ਵਾੱਇਸ ਅਤੇ TTY) 'ਤੇ ਟੈਲੀਕਮਿਉਨਿਕੇਸ਼ਨਸ ਰਿਲੇ ਸਰਵਿਸ ਰਾਹੀਂ USDA ਨਾਲ ਸੰਪਰਕ ਕਰਨਾ ਚਾਹੀਦਾ ਹੈ।

**ਸਾਡੇ ਕੋਲ ਤੁਹਾਡੀ ਸ਼ਿਕਾਇਤ ਦੀ ਦਸਤਖ਼ਤਸ਼ੁਦਾ ਕਾਪੀ ਹੋਣੀ ਚਾਹੀਦੀ ਹੈ। ਅਧੂਰੇ ਜਾਂ ਬਿਨਾ ਦਸਤਖ਼ਤ ਵਾਲੇ ਫ਼ਾਰਮ ਜਾਂ ਚਿੱਠੀ ਵਾਲੀ ਤੁਹਾਡੀ ਸ਼ਿਕਾਇਤ 'ਤੇ ਕਾਰਵਾਈ ਕਰਨ ਵਿੱਚ ਦੇਰ ਹੋ ਜਾਏਗੀ।**

**ਸ਼ਿਕਾਇਤ ਦਾਇਰ ਕਰਨ ਦੀ ਅੰਤਮ-ਤਾਰੀਖ਼:** ਪ੍ਰੋਗਰਾਮ ਬਾਰੇ ਪੱਖਪਾਤ ਦੀ ਸ਼ਿਕਾਇਤ, ਜਦੋਂ ਤੁਹਾਨੂੰ ਪਤਾ ਲੱਗਿਆ ਸੀ ਜਾਂ ਪਤਾ ਹੋਣਾ ਚਾਹੀਦਾ ਸੀ, ਦੀ ਤਾਰੀਖ਼ ਤੋਂ 180 ਦਿਨਾਂ ਦੇ ਅੰਦਰ ਦਾਇਰ ਕਰਨੀ ਚਾਹੀਦੀ ਹੈ, ਜਦ ਤੱਕ ਕਿ USDA ਵਲੋਂ ਸ਼ਿਕਾਇਤ ਦਾਇਰ ਕਰਨ ਦਾ ਸਮਾਂ ਨਹੀਂ ਵਧਾਇਆ ਜਾਂਦਾ। ਡਾਕ ਰਾਹੀਂ ਭੇਜੀਆਂ ਗਈਆਂ ਸ਼ਿਕਾਇਤਾਂ ਨੂੰ USDA ਵਲੋਂ ਸ਼ਿਕਾਇਤ ਮਿਲਣ ਦੀ ਤਾਰੀਖ਼ ਤੋਂ ਦਾਇਰ ਕਰਨਾ ਮੰਨਿਆ ਜਾਂਦਾ ਹੈ। ਸ਼ਿਕਾਇਤ ਸਬੰਧੀ ਦਸਤਾਵੇਜ਼ ਜਾਂ ਈਮੇਲ ਰਾਹੀਂ ਭੇਜੇ ਗਏ ਸ਼ਿਕਾਇਤ ਦੇ ਫ਼ਾਰਮਾਂ ਨੂੰ ਸ਼ਿਕਾਇਤ ਮਿਲਣ ਦੀ ਤਾਰੀਖ਼ ਤੋਂ ਦਾਇਰ ਮੰਨਿਆ ਜਾਏਗਾ। 180-ਦਿਨ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਦਾਇਰ ਕੀਤੀਆਂ ਗਈਆਂ ਸ਼ਿਕਾਇਤਾਂ ਵਿੱਚ ਦੇਰ ਹੋਣ ਬਾਰੇ ਕੋਈ 'ਚੰਗਾ ਕਾਰਣ' ਦੱਸਿਆ ਗਿਆ ਹੋਣਾ ਚਾਹੀਦਾ ਹੈ। ਉਦਾਹਰਣ ਲਈ, ਜੇ:

1. ਤੁਹਾਡੇ ਤੋਂ 180-ਦਿਨ ਦੀ ਮਿਆਦ ਦੇ ਅੰਦਰ ਪੱਖਪਾਤ ਵਾਲੇ ਕਾਰਜ ਬਾਰੇ ਪਤਾ ਹੋਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ ਸੀ;
2. ਤੁਸੀਂ ਗੰਭੀਰ ਤੌਰ 'ਤੇ ਬਿਮਾਰ ਸੀ ਜਾਂ ਅਸਮਰੱਥ ਸੀ; ਜਾਂ
3. ਉਹੀ ਸ਼ਿਕਾਇਤ ਕਿਸੇ ਹੋਰ ਫ਼ੈਡਰਲ, ਸਟੇਟ ਜਾਂ ਸਥਾਨਕ ਏਜੰਸੀ ਕੋਲ ਦਾਇਰ ਕੀਤੀ ਗਈ ਸੀ ਅਤੇ ਉਹ ਏਜੰਸੀ ਤੁਹਾਡੀ ਸ਼ਿਕਾਇਤ ਬਾਰੇ ਕਾਰਵਾਈ ਕਰਨ ਵਿੱਚ ਨਾਕਾਮ ਰਹੀ ਸੀ।

**USDA ਦੀ ਪਾੱਲਿਸੀ:** ਫ਼ੈਡਰਲ ਕਾਨੂੰਨ ਅਤੇ ਪਾੱਲਿਸੀ ਤੁਹਾਡੇ ਖ਼ਿਲਾਫ਼ ਬੰਸ, ਰੰਗ ਅਤੇ ਰਾਸ਼ਟਰੀ ਮੂਲ ਦੇ ਅਧਾਰ 'ਤੇ ਪੱਖਪਾਤ ਕਰਨ ਦੀ ਮਨਾਹੀ ਕਰਦੀ ਹੈ, ਜਿਸ ਵਿੱਚ ਸਾਂਝਾ ਖ਼ਾਨਦਾਨ ਜਾਂ ਨਸਲੀ ਖ਼ਾਸੀਅਤਾਂ ਦੇ ਅਧਾਰ 'ਤੇ ਪੱਖਪਾਤ ਜਾਂ ਕਿਸੇ ਮੁੱਖ ਧਰਮ ਵਾਲੇ ਦੇਸ਼ ਵਿੱਚ ਨਾਗਰਿਕਤਾ ਦੇ ਅਧਾਰ 'ਤੇ ਪੱਖਪਾਤ ਕਰਨਾ ਸ਼ਾਮਿਲ ਹੈ। ਬੰਸ, ਰੰਗ ਅਤੇ ਰਾਸ਼ਟਰੀ ਮੂਲ ਦੇ ਅਧਾਰ 'ਤੇ ਪੱਖਪਾਤ ਵਿੱਚ ਵੀ ਪੱਖਪਾਤ ਸ਼ਾਮਿਲ ਹੈ, ਇਸ ਵਿੱਚ ਤੰਗ-ਪਰੇਸ਼ਾਨ ਕਰਨਾ ਵੀ ਸ਼ਾਮਿਲ ਹੈ, ਕਿਉਂਕਿ ਤੁਸੀਂ ਅਤੇ/ਜਾਂ ਕੋਈ ਹੋਰ ਸ਼ਖ਼ਸ, ਉਦਾਹਰਣ ਲਈ ਯਹੂਦੀ, ਮੁਸਲਮਾਨ, ਅਰਬੀ, ਹਿੰਦੂ ਜਾਂ ਸਿੱਖ ਹੈ; ਜਾਂ ਕਿਸੇ ਹੋਰ ਨਸਲੀ ਅਤੇ ਧਾਰਮਿਕ ਖ਼ਾਸੀਅਤਾਂ ਦੇ ਅਧਾਰ 'ਤੇ। ਉਦਾਹਰਣ ਲਈ, ਉਹ ਵਿਅਕਤੀ ਜਿਹਨਾਂ ਨੂੰ ਨਸਲੀ ਨਿਰਾਦਰ ਦਾ ਸਾਹਮਣਾ ਕਰਨਾ ਪਿਆ ਹੈ (ਜਿਵੇਂ ਯਹੂਦੀ-ਵਿਰੋਧੀ ਜਾਂ ਮੁਸਲਿਮ-ਵਿਰੋਧੀ ਵਲੋਂ ਤੰਗ-ਪਰੇਸ਼ਾਨ ਕਰਨਾ); ਉਹਨਾਂ ਦੀ ਦਿੱਖ, ਕਪੜੇ ਪਾਉਣ ਜਾਂ ਬੋਲਣ ਦੇ ਤਰੀਕੇ ਕਰਕੇ ਉਹਨਾਂ ਦੇ ਨਸਲੀ ਪਿਛੋਕੜ (ਜਿਵੇਂ ਚਮੜੀ ਦਾ ਰੰਗ, ਧਾਰਮਿਕ ਪਹਿਰਾਵਾ ਜਾਂ ਬੋਲੀ ਜਾਣ ਵਾਲੀ ਭਾਸ਼ਾ) ਨਾਲ ਸਬੰਧਿਤ ਤਰੀਕਿਆਂ ਨਾਲ ਤੰਗ-ਪਰੇਸ਼ਾਨ ਕੀਤਾ ਜਾਂਦਾ ਹੈ; ਜਾਂ ਉਹਨਾਂ ਦੀਆਂ ਕਥਿਤ ਨਸਲੀ ਖ਼ਾਸੀਅਤਾਂ ਦੇ ਅਧਾਰ 'ਤੇ ਕੱਟੜ ਧਾਰਣਾ ਬਣਾਈ ਗਈ ਹੈ। ਫਿਰ USDA ਫ਼ੈਸਲਾ ਕਰੇਗਾ ਕਿ ਕੀ ਉਸ ਕੋਲ ਪਹੁੰਚੀ ਸ਼ਿਕਾਇਤ ਵਿੱਚ ਪਛਾਣੇ ਗਏ ਅਧਾਰ 'ਤੇ ਅਤੇ ਸ਼ਿਕਾਇਤ ਵਿੱਚ ਦੱਸੇ ਗਏ ਪ੍ਰੋਗਰਾਮਾਂ ਵਿੱਚ ਸ਼ਿਕਾਇਤ ਬਾਰੇ ਕਾਰਵਾਈ ਕਰਨ ਲਈ ਕਾਨੂੰਨ ਅਨੁਸਾਰ ਉਸਦੇ ਅਧਿਕਾਰ-ਖੇਤਰ ਵਿੱਚ ਹੈ ਜਾਂ ਨਹੀਂ। ਪੁਰਾਣੇ ਸਿਵਿਲ ਹੱਕਾਂ ਦੀ ਘਟਨਾ ਦੇ ਅਧਾਰ 'ਤੇ ਬਦਲੇ ਦੀ ਕਾਰਵਾਈ ਕਰਨ ਦੀ ਮਨਾਹੀ ਹੈ।

**ਆਪਣੀ ਸ਼ਿਕਾਇਤ ਕਿੱਥੇ ਦਾਇਰ ਕਰੋ: ਤੁਸੀਂ ਆਪਣਾ ਭਰਿਆ ਹੋਇਆ ਫ਼ਾਰਮ ਜਾਂ ਚਿੱਠੀ ਹੇਠਾਂ ਦਿੱਤੇ ਤਰੀਕਿਆਂ ਰਾਹੀਂ USDA ਕੋਲ ਸਬਮਿਟ ਕਰ ਸਕਦੇ ਹੋ**:

**ਡਾਕ:** U.S. Department of Agriculture, Office of the Assistant Secretary for Civil Rights, 1400 Independence, Ave, SW, Mail Stop 9410, Washington, DC 20250-9410.

**ਈ-ਮੇਲ:** program.intake@usda.gov.

ਹੋਰ ਜਾਣਕਾਰੀ ਲਈ: https://www.usda.gov/oascr/how-to-file-a-program-discrimination-complaint 'ਤੇ ਜਾਓ।

## ਕਾਨੂੰਨੀ ਜਾਣਕਾਰੀ

**ਸਹਿਮਤੀ:** USDA ਪ੍ਰੋਗਰਾਮ ਦਾ ਪੱਖਪਾਤ ਸਬੰਧੀ ਸ਼ਿਕਾਇਤ-ਫ਼ਾਰਮ 1974 (5 U.S.C. §552a) ਦੇ ਰਾਜ਼ਦਾਰੀ ਬਾਰੇ ਕਾਨੂੰਨ ਅਨੁਸਾਰ ਦਿੱਤਾ ਗਿਆ ਹੈ ਅਤੇ ਪੱਖਪਾਤ ਦੀਆਂ ਸ਼ਿਕਾਇਤਾਂ ਬਾਰੇ ਕਾਰਵਾਈ ਸਬੰਧੀ ਜਾਣਕਾਰੀ ਹਾਸਿਲ ਕਰਨ ਵਾਸਤੇ ਇਸਦੀ ਵਰਤੋਂ ਕੀਤੀ ਜਾਂਦੀ ਹੈ। USDA 7 CFR ਹਿੱਸਾ 15 ਅਨੁਸਾਰ ਇਸ ਜਾਣਕਾਰੀ ਲਈ ਬੇਨਤੀ ਕਰਦਾ ਹੈ।

ਜੇ ਪੂਰਾ ਭਰਿਆ ਗਿਆ ਫ਼ਾਰਮ ਸ਼ਿਕਾਇਤ ਵਜੋਂ ਮੰਜ਼ੂਰ ਕਰ ਲਿਆ ਜਾਂਦਾ ਹੈ, ਤਾਂ ਪੜਤਾਲ ਦੌਰਾਨ ਇਕੱਠੀ ਕੀਤੀ ਗਈ ਜਾਣਕਾਰੀ ਦੀ ਵਰਤੋਂ, ਪ੍ਰੋਗਰਾਮ ਬਾਰੇ ਪੱਖਪਾਤ ਦੀ ਤੁਹਾਡੀ ਸ਼ਿਕਾਇਤ 'ਤੇ ਕਾਰਵਾਈ ਕਰਨ ਲਈ ਹੀ ਕੀਤੀ ਜਾਏਗੀ।

**ਬਦਲੇ ਦੀ ਕਾਰਵਾਈ ਦੀ ਮਨਾਹੀ ਹੈ:** USDA ਦੀ ਕੋਈ ਵੀ ਏਜੰਸੀ, ਅਫ਼ਸਰ, ਮੁਲਾਜ਼ਮ ਜਾਂ ਏਜੰਟ, ਜਿਸ ਵਿੱਚ USDA ਅਤੇ ਇਸਦੇ ਪ੍ਰੋਗਰਾਮਾਂ ਦੀ ਨੁਮਾਇੰਦਗੀ ਕਰਨ ਵਾਲੇ ਲੋਕ ਵੀ ਸ਼ਾਮਿਲ ਹਨ, ਕਿਸੇ ਵੀ ਅਜਿਹੇ ਸ਼ਖ਼ਸ ਨੂੰ ਡਰਾਉਣ-ਧਮਕਾਉਣ, ਤੰਗ- ਪਰੇਸ਼ਾਨ ਕਰਨ, ਮਜਬੂਰ ਕਰਨ, ਪੱਖਪਾਤ ਕਰਨ ਜਾਂ ਕੋਈ ਹੋਰ ਬਦਲੇ ਦੀ ਕੋਈ ਹੋਰ ਕਾਰਵਾਈ ਨਹੀਂ ਕਰੇਗਾ, ਜਿਸਨੇ ਕਥਿਤ ਪੱਖਪਾਤ ਦੀ ਸ਼ਿਕਾਇਤ ਦਰਜ ਕਰਾਈ ਹੋਵੇ ਜਾਂ ਜੋ ਪੱਖਪਾਤ ਦਾ ਦਾਅਵਾ ਕਰਨ ਵਾਲੀ ਕਿਸੇ ਵੀ ਪੜਤਾਲ ਜਾਂ ਕਿਸੇ ਹੋਰ ਕਾਰਵਾਈ ਵਿੱਚ ਕਿਸੇ ਵੀ ਤਰੀਕੇ ਨਾਲ ਹਿੱਸਾ ਲੈਂਦਾ ਹੋਵੇ।

## ਰਾਜ਼ਦਾਰੀ ਬਾਰੇ ਕਾਨੂੰਨ ਸਬੰਧੀ ਸਟੇਟਮੈਂਟ *(5 U.S.C. § 552a)*

**ਅਖ਼ਤਿਆਰ:** ਇਸ ਜਾਣਕਾਰੀ ਦਾ ਸੰਗ੍ਰਹਿ ਸਿਵਿਲ ਹੱਕਾਂ ਬਾਰੇ ਕਾਨੂੰਨ ਦੇ 1964 (42 U.S.C. § 2000d) ਦੇ ਟਾਈਟਲ VI; ਅਤੇ ਮੁੜ ਵਸੇਬਾ ਕਾਨੂੰਨ 1973 (29 U.S.C. §§ 794; 794d) ਦੇ ਸੈਕਸ਼ਨ 504 ਅਤੇ 508 ਅਤੇ ਕਿਸੇ ਵੀ ਹੋਰ ਪੱਖਪਾਤ ਵਿਰੋਧੀ ਕਾਨੂੰਨ, ਨੇਮ ਅਤੇ ਰੈਗੂਲੇਸ਼ਨਾਂ ਰਾਹੀਂ ਅਖ਼ਤਿਆਰਪ੍ਰਾਪਤ ਹੈ।

**ਉਦੇਸ਼:** ਇਸ ਫ਼ਾਰਮ 'ਤੇ ਮੰਗੀ ਗਈ ਜਾਣਕਾਰੀ ਦੀ ਵਰਤੋਂ ਇਸ ਨੋਟਿਸ ਦੇ "ਅਖ਼ਤਿਆਰ" ਸੈਕਸ਼ਨ ਵਿੱਚ ਦਿੱਤੇ ਗਏ ਕਾਨੂੰਨਾਂ ਹੇਠ ਪੱਖਪਾਤ ਦੀਆਂ ਸ਼ਿਕਾਇਤਾਂ ਬਾਰੇ ਕਾਰਵਾਈ ਕਰਨ ਲਈ ਕੀਤੀ ਜਾਂਦੀ ਹੈ। ਇਸ ਫ਼ਾਰਮ ਤੋਂ ਲਈ ਗਈ ਕੋਈ ਵੀ ਜਾਣਕਾਰੀ ਸਾਡੇ ਰਿਕਾਰਡ ਦੇ ਸਿਸਟਮ ਵਿੱਚ ਰੱਖੀ ਜਾਏਗੀ।

**ਰੈਗੂਲਰ ਵਰਤੋਂ:** ਰੈਗੂਲਰ ਵਰਤੋਂ ਬਾਰੇ ਹੋਰ ਜਾਣਕਾਰੀ OASCR ਵਲੋਂ ਪ੍ਰਬੰਧ ਕੀਤੇ ਗਏ ਰਿਕਾਰਡਾਂ ਦੇ ਸਿਸਟਮ ਬਾਰੇ ਨੋਟਿਸ USDA-2021-0007 ਰਿਕਾਰਡਾਂ ਵਿੱਚ ਮਿਲ ਸਕਦੀ ਹੈ, ਜਿਸਨੂੰ https://www.usda.gov/home/privacy-policy/system-records-notices 'ਤੇ ਇੰਟਰਨੈਟ ਰਾਹੀਂ ਵੇਖਿਆ ਜਾ ਸਕਦਾ ਹੈ।

**ਖ਼ੁਲਾਸਾ ਕਰਨਾ:** ਇਹ ਜਾਣਕਾਰੀ ਉਪਲਬਧ ਕਰਨਾ ਤੁਹਾਡੀ ਮਰਜ਼ੀ 'ਤੇ ਹੈ। ਇਸ ਫ਼ਾਰਮ ਨੂੰ ਭਰਨ ਵਿੱਚ ਨਾਕਾਮ ਰਹਿਣ ਬਦਲੇ ਸ਼ਿਕਾਇਤ ਬਾਰੇ ਕਾਰਵਾਈ ਕਰਨ ਵਿੱਚ ਦੇਰ ਹੋ ਸਕਦੀ ਹੈ ਜਾਂ ਕਾਰਵਾਈ ਜਾਰੀ ਰੱਖਣ ਲਈ ਅਢੁਕਵੀਂ ਜਾਣਕਾਰੀ ਮਿਲਣ ਕਰਕੇ ਸ਼ਿਕਾਇਤ ਰੱਦ ਕੀਤੀ ਜਾ ਸਕਦੀ ਹੈ।

## ਕਾਗਜ਼ੀ-ਕਾਰਵਾਈ ਘਟਾਉਣ ਸਬੰਧੀ ਕਾਨੂੰਨ ਬਾਰੇ ਸਟੇਟਮੈਂਟ

1995 ਦੇ ਕਾਗਜ਼ੀ-ਕਾਰਵਾਈ ਘਟਾਉਣ ਸਬੰਧੀ ਕਾਨੂੰਨ (44 U.S.C. 3501 ਅਤੇ ਅਗਲੇ ਪੰਨੇ ਅਤੇ ਸਮੱਗਰੀ) ਅਨੁਸਾਰ ਸਾਡੇ ਵਲੋਂ ਤੁਹਾਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਇਹ ਜਾਣਕਾਰੀ ਇਹ ਯਕੀਨੀ ਬਣਾਉਣ ਲਈ ਇਕੱਠੀ ਕੀਤੀ ਜਾ ਰਹੀ ਹੈ, ਤਾਂ ਜੋ ਇਸ ਵਿੱਚ ਤੁਹਾਡੀ ਸ਼ਿਕਾਇਤ ਨੂੰ ਪੂਰੀ ਤਰ੍ਹਾਂ ਅਮਲ ਵਿੱਚ ਲਿਆਉਣ ਲਈ ਕਾਰਵਾਈ ਕਰਨ ਵਾਸਤੇ ਲੋੜੀਂਦੀ ਸਾਰੀ ਜਾਣਕਾਰੀ ਸ਼ਾਮਿਲ ਹੋਵੇ। OASCR ਪੱਖਪਾਤ ਦੀ ਤੁਹਾਡੀ ਸ਼ਿਕਾਇਤ 'ਤੇ ਕਾਰਵਾਈ ਕਰਨ ਲਈ ਇਸ ਜਾਣਕਾਰੀ ਦੀ ਵਰਤੋਂ ਕਰੇਗਾ।

ਇਸ ਬੇਨਤੀ ਦਾ ਜਵਾਬ ਦੇਣਾ ਤੁਹਾਡੀ ਮਰਜ਼ੀ 'ਤੇ ਹੈ। ਇਸ ਫ਼ਾਰਮ 'ਤੇ ਤੁਹਾਡੇ ਵਲੋਂ ਦਿੱਤੀ ਗਈ ਜਾਣਕਾਰੀ ਸਿਰਫ਼ ਉਹਨਾਂ ਲੋਕਾਂ ਨਾਲ ਹੀ ਸਾਂਝੀ ਕੀਤੀ ਜਾਏਗੀ, ਜਿਹਨਾਂ ਨੂੰ ਇਸ ਬਾਰੇ ਜਾਣਨ ਦਾ ਅਖ਼ਤਿਆਰ ਹੈ ਅਤੇ ਰਾਜ਼ਦਾਰੀ ਬਾਰੇ ਕਾਨੂੰਨ, (5 U.S.C. § 552a(b)) ਦੇ ਪ੍ਰਬੰਧਾਂ ਅਨੁਸਾਰ ਇਸ ਨੂੰ ਲੋਕਾਂ ਲਈ ਖ਼ੁਲਾਸਾ ਕੀਤੇ ਜਾਣ ਤੋਂ ਸੁਰੱਖਿਅਤ ਰਖਿਆ ਜਾਏਗਾ। ਇਹ ਫ਼ਾਰਮ ਮੁਕੰਮਲ ਕਰਨ ਲਈ ਅੰਦਾਜ਼ਨ 60 ਮਿੰਟ ਲੱਗਦੇ ਹਨ। ਇਸ ਅੰਦਾਜ਼ੇ ਦੀ ਸਟੀਕਤਾ ਬਾਰੇ ਤੁਸੀਂ ਆਪਣੀਆਂ ਟਿੱਪਣੀਆਂ ਅਤੇ ਫ਼ਾਰਮ ਮੁਕੰਮਲ ਕਰਨ ਦਾ ਸਮਾਂ ਘਟਾਉਣ ਲਈ ਕੋਈ ਵੀ ਸੁਝਾਅ U.S. Department of Agriculture, Office of the Assistant Secretary for Civil Rights, 1400 Independence Avenue, SW, Mail Stop 9410, DC 20250-9410 ਨੂੰ ਭੇਜ ਸਕਦੇ ਹੋ। ਕੋਈ ਵੀ ਏਜੰਸੀ ਉਸ ਸਮੇਂ ਤੱਕ ਜਾਣਕਾਰੀ ਦੇ ਸੰਗ੍ਰਹਿ ਦਾ ਪ੍ਰਬੰਧ ਜਾਂ ਸਪੌਂਸਰ ਨਹੀਂ ਕਰ ਸਕਦੀ ਅਤੇ ਨਾ ਹੀ ਕਿਸੇ ਵਿਅਕਤੀ ਨੂੰ ਉਸ ਬਾਰੇ ਕੋਈ ਟਿੱਪਣੀ ਕਰਨ ਦੀ ਲੋੜ ਹੈ, ਜਦ ਤੱਕ ਕਿ ਉਹ ਇਸ ਸਮੇਂ ਵੈਧ OMB ਕੰਟ੍ਰੋਲ ਨੰਬਰ ਨਹੀਂ ਦਰਸਾਉਂਦੀ। **ਇਸ ਫ਼ਾਰਮ ਲਈ OMB ਕੰਟਰੋਲ ਨੰਬਰ 0508-0002 ਹੈ।**

OMB ਕੰਟ੍ਰੋਲ ਨੰਬਰ : 0508-0002

ਮਿਆਦ ਪੁੱਗਣ ਦੀ ਤਾਰੀਖ਼ : 09/30/2027

| ਟਾਈਟਲ VI ਅਤੇ ਵਾਤਾਵਰਣ ਸਬੰਧੀ ਨਿਆ |
| --- |
| 1964 ਦੇ ਸਿਵਿਲ ਹੱਕਾਂ ਬਾਰੇ ਕਾਨੂੰਨ ਦੇ ਟਾਈਟਲ VI ਅਨੁਸਾਰ ਫ਼ੈਡਰਲ ਏਜੰਸੀਆਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਫ਼ੈਡਰਲ ਫ਼ੰਡਿੰਗ ਹਾਸਿਲ ਕਰਨ ਵਾਲੇ ਪ੍ਰੋਗਰਾਮ ਜਾਂ ਸਰਗਰਮੀਆਂ, ਜਿਹਨਾਂ ਵਿੱਚ ਮਨੁੱਖੀ ਸਿਹਤ ਜਾਂ ਚੌਗਿਰਦੇ 'ਤੇ ਅਸਰ ਪਾਉਣ ਵਾਲੇ ਪ੍ਰੋਗਰਾਮ ਜਾਂ ਸਰਗਰਮੀਆਂ ਵੀ ਸ਼ਾਮਿਲ ਹਨ, ਵਿੱਚ ਪੱਖਪਾਤ ਬਾਰੇ ਮਿਆਰ, ਤਰੀਕਿਆਂ ਜਾਂ ਪ੍ਰੈਕਟਿਸਾਂ ਦੀ ਵਰਤੋਂ ਨਾ ਕੀਤੀ ਜਾਏ, ਜਿਹਨਾਂ ਕਰਕੇ ਸੁਰੱਖਿਅਤ ਕੀਤੇ ਗਏ ਸਮੂਹਾਂ 'ਤੇ ਮਾੜਾ ਅਸਰ ਪੈਂਦਾ ਹੋਵੇ। USDA ਵਾਤਾਵਰਣ ਨਾਲ ਜੁੜੇ ਨਿਆ ਸਬੰਧੀ ਚਿੰਤਾਵਾਂ ਵਾਲੇ ਭਾਈਚਾਰਿਆਂ ਬਾਰੇ ਬੇਮੇਲ ਅਤੇ ਲੋਕਾਂ ਦੀ ਮਾੜੀ ਸਿਹਤ ਅਤੇ ਵਾਤਾਵਰਣ, ਜਲਵਾਯੂ-ਸਬੰਧੀ ਅਤੇ ਇਕੱਠੇ ਅਸਰਾਂ ਦੀ ਪਛਾਣ ਕਰਨ ਅਤੇ ਉਹਨਾਂ ਨੂੰ ਹੱਲ ਕਰਨ ਲਈ ਕਾਨੂੰਨ ਹੇਠ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਵਾਤਾਵਰਣ ਨਾਲ ਜੁੜੇ ਨਿਆ ਨੂੰ ਅੱਗੇ ਵਧਾ ਰਿਹਾ ਹੈ। USDA ਲੋਕਾਂ ਨੂੰ ਬੇਨਤੀ ਕਰਦਾ ਹੈ ਕਿ ਉਹ ਸਾਡੇ ਦੇਸ਼ ਦੇ ਵਾਤਾਵਰਣ ਨਾਲ ਜੁੜੇ ਕਾਨੂੰਨਾਂ ਦੀ ਸੰਭਵ ਉਲੰਘਣਾਵਾਂ ਵੱਲ ਉਸਦਾ ਧਿਆਨ ਦਿਵਾਉਣ। ਕਿਰਪਾ ਕਰਕੇ ਇਸ ਫ਼ਾਰਮ ਦੀ ਵਰਤੋਂ ਕਰਕੇ USDA ਨੂੰ ਲੋਕਾਂ ਅਤੇ ਭਾਈਚਾਰਿਆਂ 'ਤੇ ਪੈਣ ਵਾਲੇ ਵਾਤਾਵਰਣ ਸਬੰਧੀ, ਸਿਹਤ ਅਤੇ ਜਲਵਾਯੂ ਦੇ ਅਸਰ ਬਾਰੇ ਦੱਸੋ, ਜੋ USDA, ਇਸਦੇ ਮਿਸ਼ਨ ਦੇ ਖੇਤਰਾਂ ਜਾਂ ਏਜੰਸੀਆਂ ਦੀਆਂ ਸਰਗਰਮੀਆਂ ਕਰਕੇ ਹੋ ਸਕਦਾ ਹੈ। ਕਿਰਪਾ ਕਰਕੇ ਸਮਝੋ ਕਿ ਸ਼ਿਕਾਇਤ ਸਬੰਧੀ ਇਹ ਫ਼ਾਰਮ ਸਬਮਿਟ ਕਰਨ ਨਾਲ ਕਿਸੇ ਵੀ ਕਾਨੂੰਨ ਦੀ ਸੀਮਾ ਜਾਂ ਫ਼ਾਈਲਿੰਗ ਸਬੰਧੀ ਹੋਰ ਜ਼ਰੂਰਤਾਂ, ਜੋ ਤੁਹਾਡੀ ਕਿਸੇ ਵੀ ਸ਼ਿਕਾਇਤ 'ਤੇ ਲਾਗੂ ਹੋ ਸਕਦੀਆਂ ਹਨ, 'ਤੇ ਕੋਈ ਅਸਰ ਨਹੀਂ ਪੈਂਦਾ। ਇਸ ਤੋਂ ਅਲਾਵਾ, ਇਹ ਸ਼ਿਕਾਇਤ ਦਾਇਰ ਕਰਕੇ ਤੁਸੀਂ ਕੋਈ ਮੁਕੱਦਮਾ ਜਾਂ ਹੋਰ ਕਾਨੂੰਨੀ ਕਾਰਵਾਈ ਸ਼ੁਰੂ ਨਹੀਂ ਕੀਤੀ ਅਤੇ ਇਸ ਦਫ਼ਤਰ ਨੇ ਤੁਹਾਡੀ ਤਰਫ਼ੋਂ ਕੋਈ ਮੁਕੱਦਮਾ ਜਾਂ ਕਾਰਵਾਈ ਸ਼ੁਰੂ ਨਹੀਂ ਕੀਤੀ। |
| **ਰਾਸ਼ਟਰੀ ਮੂਲ ਨਾਲ ਜੁੜਿਆ ਪੱਖਪਾਤ** |
| ਰਾਸ਼ਟਰੀ ਮੂਲ ਦੇ ਅਧਾਰ 'ਤੇ ਪੱਖਪਾਤ ਵਿੱਚ ਦੇਸ਼, ਆਲਮੀ ਇਲਾਕਾ ਜਾਂ ਥਾਂ ਦੇ ਅਧਾਰ 'ਤੇ ਪੱਖਪਾਤ ਸ਼ਾਮਿਲ ਹੁੰਦਾ ਹੈ, ਜਿੱਥੋਂ ਕੋਈ ਵਿਅਕਤੀ ਜਾਂ ਉਹਨਾਂ ਦੇ ਪੁਰਖੇ ਆਉਂਦੇ ਹਨ; ਕਿਸੇ ਵਿਅਕਤੀ ਦੀ ਅੰਗ੍ਰੇਜ਼ੀ ਵਿੱਚ ਸੀਮਤ ਮੁਹਾਰਤ ਜਾਂ ਅੰਗ੍ਰੇਜ਼ੀ ਸਿੱਖਣ ਦੀ ਸਥਿਤੀ; ਅਤੇ ਕਿਸੇ ਵਿਅਕਤੀ ਦੇ ਅਸਲ ਜਾਂ ਅੰਦਾਜ਼ਨ ਸਾਂਝੇ ਖ਼ਾਨਦਾਨ ਜਾਂ ਨਸਲੀ ਖ਼ਾਸੀਅਤਾਂ, ਜਿਸ ਵਿੱਚ ਅਜਿਹੇ ਧਰਮ ਦੀ ਮੈਂਬਰੀ ਸ਼ਾਮਿਲ ਹੈ, ਜਿਹਨਾਂ ਨੂੰ ਅਜਿਹੀਆਂ ਖ਼ਾਸੀਅਤਾਂ ਦਰਸਾਉਣ ਨਾਲ ਸਮਝਿਆ ਜਾ ਸਕਦਾ ਹੈ (ਉਦਾਹਰਣ ਲਈ, ਹਿੰਦੂ, ਯਹੂਦੀ, ਮੁਸਲਮਾਨ ਅਤੇ ਸਿੱਖ ਵਿਦਿਆਰਥੀ)। |
| **USDA ਤੱਕ ਪਹੁੰਚਯੋਗਤਾ ਬਾਰੇ ਸਟੇਟਮੈਂਟ** |
| 1973 ਦੇ ਮੁੜ-ਵਸੇਬਾ ਬਾਰੇ ਕਾਨੂੰਨ ਦਾ ਸੈਕਸ਼ਨ 508, ਸੋਧੇ ਗਏ ਅਨੁਸਾਰ (29 U.S.C. 794d) ਲੋਕਾਂ ਨੂੰ ਵਿਭਾਗ ਦੇ ਖ਼ਿਲਾਫ਼ ਪ੍ਰਸ਼ਾਸਨੀ ਸ਼ਿਕਾਇਤਾਂ ਅਤੇ ਸਿਵਿਲ ਕਾਰਵਾਈਆਂ ਦਾਇਰ ਕਰਨ ਦਾ ਅਖ਼ਤਿਆਰ ਦਿੰਦਾ ਹੈ, ਜੋ ਵਿਭਾਗ ਵਲੋਂ ਸੌਖੀ ਤਕਨਾਲੋਜੀ ਖ਼ਰੀਦਣ ਵਿੱਚ ਵਿਭਾਗ ਦੀ ਕਥਿਤ ਨਾਕਾਮੀ ਤੱਕ ਸੀਮਤ ਹੈ। ਕਾਨੂੰਨ ਅਨੁਸਾਰ ਫ਼ੈਡਰਲ ਏਜੰਸੀਆਂ ਨੂੰ ਸੈਕਸ਼ਨ 508 ਦੀਆਂ ਸ਼ਿਕਾਇਤਾਂ ਨੂੰ ਸੈਕਸ਼ਨ 504 ਦੀਆਂ ਸ਼ਿਕਾਇਤਾਂ ਬਾਰੇ ਕਾਰਵਾਈਆਂ ਕਰਨ ਲਈ ਸ਼ਿਕਾਇਤ ਦੇ ਇੱਕੋ ਜਿਹੇ ਅਮਲਾਂ ਅਨੁਸਾਰ ਕਾਰਵਾਈ ਕਰਨੀ ਚਾਹੀਦੀ ਹੈ। USDA ਆਪਣੀ ਡਿਜੀਟਲ ਸਮੱਗਰੀ ਨੂੰ ਪਹੁੰਚਯੋਗ ਬਣਾਉਣ ਦਾ ਵਾਅਦਾ ਕਰਦਾ ਹੈ। USDA ਦੇ ਗਾਹਕਾਂ, ਮੁਲਾਜ਼ਮਾਂ, ਨੌਕਰੀ ਦੇ ਬਿਨੈਕਾਰਾਂ ਅਤੇ ਅਸਮਰੱਥ (ਅਪੰਗ) ਲੋਕਾਂ ਦੀ ਪਹੁੰਚ ਜਾਣਕਾਰੀ ਅਤੇ ਕਮਿਊਨਿਕੇਸ਼ਨ ਟੈਕਨੋਲਾੱਜੀ (information and communication technology, ICT) ਤੱਕ ਹੋਣੀ ਚਾਹੀਦੀ ਹੈ, ਜੋ ਕਿ ਆਮ ਲੋਕਾਂ ਲਈ ਪਹੁੰਚ ਵਾਂਗ ਹੀ ਹੈ। |